ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-7 ਸ਼ਾਖਾ)

ਵੱਲ

ਸਮੂਹ ਜਿਲਾ ਸਿੱਖਿਆ ਅਫਸਰ (ਐ.ਸਿੱ),
ਪੰਜਾਬ।

ਮੀਮੋ ਨੰ:- 10/17/13-2ਸਿੱ7(SF)/183
ਮਿਤੀ: 28-03-2013

**ਵਿਸ਼ਾ:** **ਰਾਜ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਨੂੰ ਮਰਜ / ਇਕੱਠਾ ਕਰਨ ਸਬੰਧੀ।**

**ਹਵਾਲਾ:** ਇਸ ਦਫਤਰ ਦਾ ਮੀਮੋ ਨੰ: 10/17/13-2ਸਿੱ7(SF)/36322/1, ਮਿਤੀ ਚੰਡੀਗੜ 26-03-2013

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਵੱਲ ਧਿਆਨ ਦੇ ਦੀ ਖੇਚਲ ਕੀਤੀ ਜਾਵੇ ਜੀ।

2.0 ਸਰਕਾਰੀ ਪ੍ਰਾਇਮਰੀ ਸਕੂਲ ਸਕੂਲ ਜਿਹੜੇ ਲਗਭਗ ਇੱਕ ਕਿਲੋਮੀਟਰ ਦੇ ਘੇਰੇ ਵਿੱਚ ਪੈਂਦੇ ਹਨ ਨੂੰ ਹੇਠ ਲਿਖੇ ਅਧਿਕਾਰੀਆਂ 'ਤੇ ਅਧਾਰਿਤ ਜਿਲਾ ਪੱਧਰੀ ਕਮੇਟੀ ਦੀ ਸ਼ਿਫਾਰਿਸ਼ ਅਨੁਸਾਰ ਮਰਜ/ ਇੱਕਠਾ ਕੀਤਾ ਗਿਆ ਹੈ:

(i) ਜਿਲਾ ਸਿੱਖਿਆ ਅਫਸਰ (ਐ.ਸਿ.)

(ii) ਉਪ ਜਿਲਾ ਸਿੱਖਿਆ ਅਫਸਰ (ਐ.ਸਿ.)

(iii) ਬਲਾਕ ਪ੍ਰਾਇਮਰੀ ਸਿੱਖਿਆ ਅਫਸਰ (ਸਬੰਧਤ ਬਲਾਕ)

(iv) ਜਿਲਾ ਸਾਇੰਸ ਸੁਪਰਵਾਈਜਰ

3.0 ਹਵਾਲਾ ਅਧੀਨ ਪੱਤਰ 'ਤੇ ਅਗਲੇਰੀ ਕਾਰਵਾਈ ਕਰਨ ਤੋਂ ਪਹਿਲਾਂ ਕੁੱਝ ਜ਼ਿਲ੍ਹਿਆਂ ਵੱਲੋਂ ਇਹ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਕਾਲਮ ਨੰ: 1 ਦੇ ਜਿਨ੍ਹਾਂ ਸਕੂਲਾਂ ਵਿੱਚ ਨੇੜੇ ਦੇ ਸਕੂਲਾਂ ਨੂੰ ਮਰਜ ਕੀਤਾ ਗਿਆ ਹੈ ਉਨ੍ਹਾਂ ਸਕੂਲਾਂ ਵਿੱਚ ਬੁਨਿਆਦੀ ਸਹੂਲਤਾਂ, ਭਾਵ ਵਿਦਿਆਰਥੀਆਂ ਲਈ ਲੋੜੀਂਦੇ ਕਮਰੇ, ਟਾਇਲਟ, ਪੀਣ ਦਾ ਪਾਣੀ ਆਦਿ ਦੀ ਘਾਟ ਹੈ ਜਦੋਂ ਕਿ ਜਿਨ੍ਹਾਂ ਸਕੂਲਾਂ ਨੂੰ ਮਰਜ/ ਇੱਕਠਾ ਕੀਤਾ ਗਿਆ ਹੈ ਉਨ੍ਹਾਂ ਵਿੱਚ ਲੋੜੀਂਦੀਆਂ ਸਹੂਲਤਾਂ ਲੋੜ ਅਨੁਸਾਰ ਉਪਲਬਧ ਹਨ।ਇਸ ਤੋਂ ਇਲਾਵਾ ਸਬੰਧਤ ਜਿਲੇ ਦੇ ਜਿਲਾ ਸਿੱਖਿਆ ਅਫਸਰ (ਐ.ਸਿੱ) ਵਲੋਂ ਭੇਜੀ ਤਜਵੀਜ ਅਨੁਸਾਰ ਸਿੱਖਿਆ ਵਿਭਾਗ ਦੇ ਕੁਝ ਸਕੂਲ ਜਿਲਾ ਪ੍ਰੀਸ਼ਦ ਜਾਂ ਨਗਰ ਪਾਲਿਕਾ ਜਾਂ ਨਗਰ ਨਿਗਮ ਅਧੀਨ ਆਉਂਦੇ ਸਕੂਲਾਂ ਨਾਲ ਮਰਜ/ ਇੱਕਠੇ ਹੁੰਦੇ ਹਨ ਅਤੇ ਕੁਝ ਜਿਲਾ ਪ੍ਰੀਸ਼ਦ ਜਾਂ ਨਗਰ ਪਾਲਿਕਾ ਜਾਂ ਨਗਰ ਨਿਗਮ ਅਧੀਨ ਆਉਂਦੇ ਸਕੂਲ ਸਿੱਖਿਆ ਵਿਭਾਗ ਅਧੀਨ ਆਉਂਦੇ ਸਕੂਲਾਂ ਨਾਲ ਮਰਜ/ ਇੱਕਠੇ ਹੁੰਦੇ ਹਨ।

4.0 ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਕੂਲਾਂ ਨੂੰ ਮਰਜ ਕਰਨ ਤੋਂ ਪਹਿਲਾਂ ਇਹ ਯਕੀਨੀ ਬਣਾ ਲਿਆ ਜਾਵੇ ਕਿ ਜਿਸ ਸਕੂਲ ਵਿੱਚ ਨੇੜੇ ਦੇ ਸਕੂਲ ਨੂੰ ਮਰਜ/ ਇੱਕਠੇ ਕੀਤਾ ਗਿਆ ਹੈ ਉਸ ਵਿੱਚ ਸਹੂਲਤਾਂ ਪੂਰੀਆਂ ਹਨ।

5.0 ਇਸ ਮਕਸਦ ਲਈ ਬਣੀ ਜ਼ਿਲ੍ਹਾ ਪੱਧਰੀ ਕਮੇਟੀ ਨੂੰ ਇਹ ਫੈਸਲਾ ਲੈਣ ਦਾ ਅਧਿਕਾਰ ਹੈ ਕਿ ਵਿਦਿਆਰਥੀਆਂ ਨੂੰ ਦੋਵਾਂ ਸਕੂਲਾਂ ਜਿਨ੍ਹਾਂ ਨੂੰ ਮਰਜ/ ਇੱਕਠੇ ਕੀਤਾ ਜਾ ਰਿਹਾ ਹੈ ਵਿੱਚੋਂ ਕਿਹੜੇ ਸਕੂਲ

ਵਿੱਚ ਸ਼ਿਫਟ ਕੀਤਾ ਜਾਵੇ। ਸ਼ਿਫਟ ਕਰਦੇ ਸਮੇਂ ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਸਕੂਲ ਵਿੱਚ ਵਿਦਿਆਰਥੀਆਂ ਲਈ ਲੋੜੀਂਦੇ ਕਮਰੇ, ਟਾਇਲਟ, ਪੀਣ ਦਾ ਪਾਣੀ ਆਦਿ ਦਾ ਯੋਗ ਪ੍ਰਬੰਧ ਹੈ। ਇਸ ਦੀ ਸੂਚਨਾ ਉਹ ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ), ਪੰਜਾਬ ਅਤੇ ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਨੂੰ ਵੀ ਦੇਣਗੇ।

6.0 ਜਿਲਾ ਪ੍ਰੀਸ਼ਦ ਜਾਂ ਨਗਰ ਪਾਲਿਕਾ ਜਾਂ ਨਗਰ ਨਿਗਮ ਅਧੀਨ ਅਧੀਨ ਆਉਂਦੇ ਸਕੂਲਾਂ ਨੂੰ ਸਿੱਖਿਆ ਵਿਭਾਗ ਨਾਲ ਅਤੇ ਸਿੱਖਿਆ ਵਿਭਾਗ ਦੇ ਸਕੂਲ ਜਿਲਾ ਪ੍ਰੀਸ਼ਦ ਜਾਂ ਨਗਰ ਪਾਲਿਕਾ ਜਾਂ ਨਗਰ ਨਿਗਮ ਦੇ ਸਕੂਲਾਂ ਨਾਲ ਮਰਜ/ ਇੱਕਠੇ ਕਰਨ ਦੀ ਕਾਰਵਾਈ ਇਨ੍ਹਾਂ ਸੰਸਥਾਵਾਂ ਦੇ ਸਬੰਧਤ ਅਧਿਕਾਰੀਆਂ ਨਾਲ ਵਿਚਾਰ ਕਰਨ ਉਪਰੰਤ ਹੀ ਕੀਤੀ ਜਾਵੇਗੀ।

**ਸਕੱਤਰ ਕਮ ਡਾਇਰੈਕਟਰ ਜਨਰਲ ਸਕੂਲ ਸਿੱਖਿਆ,**
**ਪੰਜਾਬ, ਚੰਡੀਗੜ**

**ਪਿੱਠ ਅੰਕਣ ਨੰ:** ਮੀਮੋ ਨੰ:- 10/17/13-2ਸਿੱ7(SF)/184-87 **ਮਿਤੀ:**28-03-2013

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ), ਪੰਜਾਬ, ਅਜੀਤਗੜ।
2. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
3. ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿੱ), ਪੰਜਾਬ।
4. ਸਬੰਧਤ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ।

**ਸਕੱਤਰ ਕਮ ਡਾਇਰੈਕਟਰ ਜਨਰਲ ਸਕੂਲ ਸਿੱਖਿਆ,**
**ਪੰਜਾਬ, ਚੰਡੀਗੜ**